ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ
ਪਲਾਟ ਨੰ: 1 ਬੀ, ਸੈਕਟਰ 27 ਏ, ਚੰਡੀਗੜ੍ਹ ।

119

ਸੇਵਾ ਵਿਖੇ

ਮੁੱਖ ਇੰਜੀਨੀਅਰ (ਦੱਖਣ),
ਪੰਜਾਬ ਵ/ਸ ਅਤੇ ਸੀਵਰੇਜ ਬੋਰਡ,
ਬਠਿੰਡਾ।

ਨੰ:- ਪਵਸਸਬ-2019/ਵ-2/ 25382 ਮਿਤੀ:- 25-11-19

ਵਿਸ਼ਾ:- ਸ਼ਹਿਰ ਗਿੱਦੜਬਾਹਾ ਦੇ ਡੈਮੇਜ਼ ਹੋਏ ਸੀਵਰੇਜ਼ ਦੇ ਫੰਡਜ਼ ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਡਿਪਟੀ ਕਮਿਸ਼ਨਰ, ਸ੍ਰੀ ਮੁਕਤਸਰ ਸਾਹਿਬ ਵਲੋ ਪ੍ਰਾਪਤ ਪੱਤਰ ਨੰ: 2637 ਮਿਤੀ 3.10.2019 ਦੀ ਨਕਲ ਸਮੇਤ ਸਹਿਲਗ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਵਿਸ਼ੇ ਸਬੰਧੀ ਮਾਮਲੇ ਤੇ ਰਿਪੋਰਟ ਤੁਰੰਤ ਇਸ ਦਫਤਰ ਨੂੰ ਭੇਜੀ ਜਾਵੇ।

ਨੱਥੀ/- ਉਕਤ ਅਨੁਸਾਰ

(signature) 21/11/19

ਕਾਰਜਕਾਰੀ ਇੰਜੀਨੀਅਰ(ਕੰਮ)
ਵਾਸਤੇ ਇੰਜੀਨੀਅਰ-ਇਨ-ਚੀਫ
ਕਮ ਤਕਨੀਕੀ ਸਲਾਹਕਾਰ

# ਦਫ਼ਤਰ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਮੈਜਿਸਟ੍ਰੇਟ, ਸ੍ਰੀ ਮੁਕਤਸਰ ਸਾਹਿਬ।

(ਡੀ.ਆਰ.ਏ.-ਟੀ ਸ਼ਾਖਾ)

16/X/19 SE BOARD EE(-) 16/X/19

ਸੇਵਾ ਵਿਖੇ,

ਸਕੱਤਰ,
ਪੰਜਾਬ ਸਰਕਾਰ, ਵ/ਸ ਅਤੇ ਸੀਵਰੇਜ਼ ਵਿਭਾਗ,
ਪੰਜਾਬ, ਚੰਡੀਗੜ੍ਹ।

ਪੱਤਰ ਨੰਬਰ: 9637 /ਡੀ.ਆਰ.ਏ.(ਟੀ) ਮਿਤੀ: 03/10/2019

SDE/WS-2 Supdt/WS 16/X/19 E-4

ਵਿਸ਼ਾ: ਸ਼ਹਿਰ ਗਿੱਦੜਬਾਹਾ ਦੇ ਡੈਮੇਜ਼ ਹੋਏ ਸੀਵਰੇਜ਼ ਦੇ ਫੰਡਜ਼ ਦੇ ਸਬੰਧ ਵਿੱਚ।

ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰਬਰ:2, ਬਠਿੰਡਾ ਵੱਲੋਂ ਜੁਲਾਈ ਮਹੀਨੇ ਵਿੱਚ ਲਗਾਤਾਰ ਬਾਰਿਸ਼ਾਂ ਹੋਣ ਕਰਕੇ ਅਤੇ ਨਾਲ ਦੇ ਇਲਾਕਿਆਂ ਵਿੱਚ ਹੜ੍ਹ ਵਰਗੀ ਸਥਿਤੀ ਹੋਣ ਕਰਕੇ ਸ਼ਹਿਰ ਦੇ ਪਾਣੀ ਦੀ ਨਿਕਾਸੀ ਪ੍ਰਭਾਵਿਤ ਹੋਈ ਹੈ। ਮਿਤੀ: 23/08/2019 ਨੂੰ ਗਿੱਦੜਬਾਹਾ-ਮਲੋਟ ਸੈਕਸ਼ਨ ਰੇਲਵੇ ਲਾਈਨ ਦੇ 28/2-3 ਕਿਲੋਮੀਟਰ ਉਪਰ ਲਾਈਨ ਦੇ ਹੇਠ ਦੀ ਲੰਘ ਰਿਹਾ 24" × 36" ਸਾਈਜ ਦਾ ਸੀਵਰ ਡੈਮੇਜ਼ ਹੋ ਗਿਆ ਹੈ। ਰੇਲਵੇ ਟਰੈਕ ਨੂੰ ਖਤਰੇ ਤੋਂ ਬਚਾਉਣ ਹਿੱਤ ਉਸ ਲਾਈਨ ਨੂੰ ਬੰਦ ਕਰ ਦਿੱਤਾ ਗਿਆ ਸੀ। ਜੋ ਕਿ ਆਰਜੀ ਤਖਮੀਨਾ ਆਪ ਜੀ ਨੂੰ ਪਹਿਲਾਂ ਹੀ 30.63 ਲੱਖ ਰੁਪਏ ਦਾ ਭੇਜਿਆ ਗਿਆ ਸੀ। ਜੋ ਕਿ ਆਰਜ਼ੀ ਪੰਪਿਗ ਸਟੇਸ਼ਨ ਬਣਾਉਣ ਲਈ ਬਣਾਇਆ ਗਿਆ ਸੀ। ਮੁੱਖ ਤੌਰ ਤੇ ਰੇਲਵੇ ਟਰੈਕ ਤੇ ਥਲਿਓ ਸੀਵਰ ਲਗਾਉਣ ਲਈ ਰੇਲਵੇ ਵੱਲੋਂ ਅਤੇ ਨਵੀਂ ਕਰਾਸਿੰਗ ਦੀ ਮੰਜ਼ੂਰੀ ਵਾਸਤੇ ਲੰਮਾ ਅਤੇ ਮਹਿੰਗਾ Process Avoid ਕਰਨ ਲਈ ਉਥੋਂ ਦੇ ਲੋਕਾਂ ਦੀ ਸੀਵਰ ਸੇਵਾ Permanent ਬਹਾਲ ਕਰਨ ਲਈ ਪੁਆਇੰਟ C12-D-M ਤੋਂ 13 ਪੁਆਿੲੰਟ ਤੱਕ ਨਵਾਂ ਸੀਵਰ ਲਗਾਉਣ ਦਾ ਸੀਵਰੇਜ਼ ਸਕੀਮ ਦਾ ਤਖਮੀਨਾ ਤਿਆਰ ਕੀਤਾ ਗਿਆ ਹੈ, ਜਿਸ ਦੀ ਲਾਗਤ 2.95 ਕਰੋੜ ਰੁਪਏ ਹੈ।

2. ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰਬਰ:2, ਬਠਿੰਡਾ ਦੀ ਡਿਮਾਂਡ ਤੇ ਇਸ ਦਫ਼ਤਰ ਵੱਲੋਂ 25 ਲੱਖ ਰੁਪਏ ਦੀ ਮੰਗ ਵਿੱਤੀ ਕਮਿਸ਼ਨਰ, ਪੰਜਾਬ, ਚੰਡੀਗੜ੍ਹ ਜੀ ਪਾਸੋਂ ਜਾਰੀ ਕਰਵਾ ਕੇ ਹੈਡ 2245 ਕੁਦਰਤੀ ਆਫਤਾਂ ਰਾਹਤ ਵਿੱਚੋਂ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰਬਰ:2, ਬਠਿੰਡਾ ਰਾਹੀਂ ਉਪ ਮੰਡਲ ਮੈਜਿਸਟਰੇਟ ਸੈਂਕਸ਼ਨ ਜਾਰੀ ਕੀਤੀ ਗਈ ਹੈ।

3. ਕੁਦਰਤੀ ਆਫਤਾਂ ਅਧੀਨ ਜੋ ਰਕਮ ਇਸ ਵਿਭਾਗ ਨੂੰ ਜਾਰੀ ਕੀਤੀ ਜਾ ਸਕਦੀ ਸੀ, ਉਹ ਦੇ ਦਿੱਤੀ ਜਾ ਚੁੱਕੀ ਹੈ, ਹੁਣ ਇਹ ਪ੍ਰੋਜੈਕਟ ਆਪ ਜੀ ਦੇ ਵਿਭਾਗ ਮੁਤਲਕਾ ਹੋਣ ਕਰਕੇ ਆਪ ਜੀ ਦੇ ਵਿਭਾਗ ਵੱਲੋਂ ਵਿਚਾਰ ਕਰਨ ਉਪਰੰਤ ਇਹ ਰਕਮ ਦਿੱਤੀ ਜਾਣੀ ਹੈ। ਮਾਨਵਤਾ ਅਤੇ ਲੋਕ ਹਿੱਤਾ ਨੂੰ ਮੁੱਖ ਰੱਖਦੇ ਹੋਏ ਇਹ ਤਖਮੀਨੇ ਦੀ ਰਕਮ ਜਾਰੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਨੱਥੀ: ਤਖਮੀਨਾ : 4.36 ਕਰੋੜ ਰੁਪਏ ਵਿੱਚੋਂ।

ਡਿਪਟੀ ਕਮਿਸ਼ਨਰ,
ਸ੍ਰੀ ਮੁਕਤਸਰ ਸਾਹਿਬ।

Diary No. 7836
Dated 16/10/19

ਪਿ.ਅੰ.ਨੰ. / ਡੀ.ਆਰ.ਏ(ਟੀ)/ ਮਿਤੀ:

ਇਸ ਦਾ ਇੱਕ ਉਤਾਰਾ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰਬਰ:2, ਬਠਿੰਡਾ ਪਾਸ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

ਡਿਪਟੀ ਕਮਿਸ਼ਨਰ,
ਸ੍ਰੀ ਮੁਕਤਸਰ ਸਾਹਿਬ।